ਪਟਿਆਲਾ (26 ਜਨਵਰੀ, 2015) : ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ 66ਵਾਂ ਗਣਤੰਤਰ ਦਿਵਸ ਸਮਾਗਮ ਬੋਰਡ ਦੇ ਵਿਹੜੇ ਵਿੱਚ ਮਨਾ ਕੇ ਇੱਕ ਨਵੀ ਪਿਰਤ ਪਾਈ । ਰਾਂਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਸ. ਮਨਪ੍ਰੀਤ ਸਿੰਘ, ਆਈ.ਏ.ਐਸ., ਚੇਅਰਮੈਨ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਅਦਾ ਕੀਤੀ ।

ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆ ਚੇਅਰਮੈਨ ਸਾਹਿਬ ਨੇ ਕਿਹਾ ਕਿ ਮੁੱਖ ਮੰਤਰੀ, ਪੰਜਾਬ ਨੂੰ ਹਰਿਆ ਭਰਿਆ ਅਤੇ ਖੁਸ਼ਹਾਲ ਬਣਾਉਣ ਲਈ ਬਹੁਤ ਸੰਜੀਦਾ ਹਨ ਅਤੇ ਬੋਰਡ ਆਪਣੀ ਜਿੰਮੇਵਾਰੀ ਨਿਭਾਉਣ ਲਈ ਹਰ ਵਕਤ ਸਿਰਤੋੜ ਯਤਨ ਕਰ ਰਿਹਾ ਹੈ । ਉਹਨਾਂ ਆਪਣੇ ਸੰਬੋਧਨ ਵਿੱਚ ਅੱਗੇ ਕਿਹਾ ਕਿ ਅੱਜ ਦੀ ਲੋਕਤੰਤਰਿਕ ਪ੍ਰਣਾਲੀ ਸਾਡੀ ਪੁਰਖਿਆਂ ਦੀ ਕੁਰਬਾਨੀ ਦਾ ਫਲ ਹੈ ਜਿਨਾਂ ਨੇ ਫਾਂਸੀ ਦੇ ਫੰਦੇ ਚੁੰਮ ਕੇ ਗਲੇ ਵਿੱਚ ਪਾਏ ਅਤੇ ਉਸ ਅਜਾਦੀ ਦਾ ਆਨੰਦ ਅਸੀ ਸਾਰੇ ਮਾਣ ਰਹੇ ਹਨ । ਉਹਨਾਂ ਸਮੂਹ ਕਰਮਚਾਰੀਆਂ ਤੋ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਬੋਰਡ ਵਾਤਾਵਰਣੀ ਕੈਲੰਡਰ ਅਪਣਾ ਕੇ ਆਏ ਮਹੀਨੇ ਵਾਤਾਵਰਣ ਦੇ ਬਚਾਅ ਨਾਲ ਸਬੰਧਤ ਪ੍ਰੋਗਰਾਮ ਕਰਕੇ ਲੋਕਾਂ ਵਿੱਚ ਇੱਕ ਜਾਗਰੂਕਤਾ ਲਹਿਰ ਪੈਦਾ ਕਰੇਗਾ ।

ਸਮਾਗਮ ਨੂੰ ਡਾ. ਬਾਬੂ ਰਾਮ, ਮੈਬਰ ਸਕੱਤਰ ਅਤੇ ਇੰਜ. ਕਰੁਨੇਸ਼ ਗਰਗ, ਮੁੱਖ ਵਾਤਾਵਰਣ ਇੰਜੀਨੀਅਰ ਨੇ ਵੀ ਸੰਬੋਧਤ ਕੀਤਾ ।